ਡਾਇਰੀ ਨੰ: 23/ਆਰਸੀ
ਮਿਤੀ 28/1/2021

ਪੰਜਾਬ ਸਰਕਾਰ
ਜਲ ਸਰੋਤ ਵਿਭਾਗ
(ਸਿੰਚਾਈ ਪ੍ਰਸੋਨਲ-2 ਸ਼ਾਖਾ)

388
22 JAN 2021
ਚੰਡੀਗੜ੍ਹ

## ਅਧਿਸੂਚਨਾ

ਨੰ: 8/10/2020-5ਸਪ2/ ਮਿਤੀ, ਚੰਡੀਗੜ੍ਹ:

ਸ੍ਰੀਮਤੀ ਵਰਿੰਦਰ ਕੌਰ, ਸੁਪਰਡੰਟ ਗਰੇਡ-1, ਜਲ ਸਰੋਤ ਵਿਭਾਗ, ਦੀ ਸੇਵਾ ਕਰੀਬ 36 ਸਾਲ ਦੇ ਲਗਭਗ ਹੋ ਗਈ ਹੈ ਅਤੇ ਘਰੇਲੂ ਹਲਾਤਾਂ ਕਰਕੇ ਉਹ ਆਪਣੀ ਸਰਕਾਰੀ ਸੇਵਾ ਤੋਂ ਮਿਤੀ 04/01/2021 ਨੂੰ ਦੁਪਹਿਰ ਤੋਂ ਬਾਅਦ ਪ੍ਰੀ-ਮੈਚਓਰ ਰਿਟਾਇਰਮੈਂਟ ਲੈਣਾ ਚਾਹੁੰਦੀ ਹੈ।ਇਹ ਪ੍ਰੀ-ਮੈਚਓਰ ਰਿਟਾਇਰਮੈਂਟ ਲੈਣ ਲਈ ਸ੍ਰੀਮਤੀ ਵਰਿੰਦਰ ਕੌਰ, ਸੁਪਰਡੰਟ ਗਰੇਡ-1 ਨੇ 03 ਮਹੀਨਿਆਂ ਦਾ ਨੋਟਿਸ ਦਿੱਤਾ ਹੈ।ਸ਼੍ਰੀਮਤੀ ਵਰਿੰਦਰ ਕੌਰ, ਸੁਪਰਡੰਟ ਗਰੇਡ-1 ਵੱਲੋਂ ਮੁੱਖ ਇੰਜੀਨੀਅਰ/ਹੈਡਕੁਆਰਟਰ ਦਫਤਰ ਵਿਖੇ ਬਤੌਰ ਸੁਪਰਡੰਟ ਗਰੇਡ-1 ਕੰਮ ਕਰ ਰਹੀ ਸ਼੍ਰੀਮਤੀ ਹਰਬੰਸ ਕੌਰ ਸਪੁੱਤਰੀ ਲੇਟ ਸ਼੍ਰੀ ਮੋਹਨ ਸਿੰਘ ਵਾਸੀ ਮਕਾਨ ਨੰ.3056,ਸੈਕਟਰ 38ਡੀ, ਦਾ ਸ਼ਿਉਰਟੀ ਬੌਂਡ ਲਗਾਇਆ ਹੈ ਕਿ ਜੇਕਰ ਉਸ ਦਾ ਮਹਿਕਮੇ ਵੱਲੋਂ ਕੋਈ ਵੀ ਬਕਾਇਆ ਨਿਕਲਦਾ ਹੈ ਤਾਂ ਸ਼ਿਉਰਟੀ ਦੇਣ ਵਾਲਾ ਕਰਮਚਾਰੀ ਇਸ ਦਾ ਦੇਣਦਾਰ ਹੋਵੇਗਾ।

2. ਉਕਤ ਦੇ ਸਨਮੁੱਖ ਸ੍ਰੀਮਤੀ ਵਰਿੰਦਰ ਕੌਰ, ਸੁਪਰਡੰਟ ਗਰੇਡ-1 ਦੇ ਕੇਸ ਨੂੰ ਵਿਚਾਰਨ ਉਪਰੰਤ ਪੰਜਾਬ ਸਿਵਲ ਸੇਵਾਵਾਂ (ਪ੍ਰੀ-ਮੈਚਿਉਰ ਰਿਟਾਇਰਮੈਂਟ) ਨਿਯਮ, 1975 ਦੇ ਨਿਯਮ 3(3) (ਏ) ਵਿੱਚ ਕੀਤੇ ਉਪਲਬੰਧਾਂ ਦੀ ਰੋਸ਼ਨੀ ਵਿੱਚ ਵਿਚਾਰਦੇ ਹੋਏ, ਮਿਤੀ 04-01-2021 (ਬਾਅਦ ਦੁਪਹਿਰ) ਨੂੰ ਸਰਕਾਰੀ ਸੇਵਾ ਤੋਂ ਸਵੈ-ਇੱਛਕ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

3. ਜੇਕਰ ਇਸ ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮਾਂ ਦਾ ਕੇਸ ਆਦਿ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ, ਭਾਵ ਪੜਤਾਲ ਚਲਦੀ ਰਹੇਗੀ ਅਤੇ ਉਸ ਪੜਤਾਲ ਦੇ ਸਿੱਟਿਆਂ ਦੇ ਸਨਮੁੱਖ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਮਿਤੀ, ਚੰਡੀਗੜ੍ਹ:
18.01.2021

ਸਰਵਜੀਤ ਸਿੰਘ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਜਲ ਸਰੋਤ ਵਿਭਾਗ।

ਪਿੱਠ ਅੰਕਣ ਨੰ:8/10/2020-5ਸਪ2/ ਮਿਤੀ, ਚੰਡੀਗੜ੍ਹ:

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਤੇ ਲਿੱਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇੱਕ ਵਾਧੂ ਕਾਪੀ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਸਰਕਾਰੀ ਗਜਟ ਵਿੱਚ ਛਪਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਇਸ ਦੀਆਂ 05 ਕਾਪੀਆਂ ਇਸ ਵਿਭਾਗ ਨੂੰ ਵੀ ਭੇਜਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

Scanned with CamScanner